# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
ਮਾਸਟਰ ਪਰਮਵੇਦ

Epaper World Punjabi Times | 16 ਨਵੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬੁੱਢਾ ਦਰਿਆ ਲੁਧਿਆਣਾ ਕੰਢੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਅੰਤਰ ਰਾਸ਼ਟਰੀ ਪੰਜਾਬੀ ਕਵੀ ਦਰਬਾਰ

### ਪ੍ਰਧਾਨਗੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੇ ਕੀਤੀ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 16 ਨਵੰਬਰ : ਬੁੱਢਾ ਦਰਿਆ ਲੁਧਿਆਣਾ ਕੰਢੇ ਗੁਰੂ ਨਾਨਕ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ ,ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਵੇਂ ਸ਼ਹੀਦੀ ਸਾਲ ਤੇ ਭਾਈ ਜੈਤਾ ਜੀ ਦੀ ਮਹਾਨ ਸੇਵਾ ਨੂੰ ਸਮਰਪਿਤ ਕਵੀ ਦਰਬਾਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਮੰਚ ਸੰਚਾਲਨ ਕਰਦਿਆਂ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਸਮੂਹ ਪੰਜਾਬੀ ਕਵੀਆਂ ਨੂੰ ਜੀ ਆਇਆਂ ਨੂੰ ਕਿਹਾ।

ਕਵੀ ਦਰਬਾਰ ਵਿੱਚ ਪ੍ਰੋ. ਰਵਿੰਦਰ ਭੱਠਲ ,ਗੁਰਭਜਨ ਗਿੱਲ ,ਰਵਿੰਦਰ ਸਹਿਰਾਅ (ਅਮਰੀਕਾ) ,ਦਲਜਿੰਦਰ ਰਹਿਲ (ਇਟਲੀ) ਪਾਲੀ ਦੇਤਵਾਲੀਆ ,ਤ੍ਰੈਲੋਚਨ ਲੋਚੀ ,ਸਹਿਜਪ੍ਰੀਤ ਸਿੰਘ ਮਾਂਗਟ,ਮਨਜਿੰਦਰ ਧਨੋਆ ,ਡਾ. ਗੁਰਇਕਬਾਲ ਸਿੰਘ ,ਰਾਮ ਸਿੰਘ ਅਲਬੇਲਾ ,ਗੁਰਸੇਵਕ ਸਿੰਘ ਢਿੱਲੋਂ ,ਕਰਮਜੀਤ ਗਰੇਵਾਲ ਹਰਵਿੰਦਰ ਤਤਲਾ ,ਅਮਰਜੀਤ ਸਿੰਘ ਸ਼ੇਰਪੁਰੀ , ਦੇਵਿੰਦਰ ਸਿੰਘ ਜੇ ਦੀ ਤੇ ਦਲਬੀਰ ਕਲੇਰ ਨੇ ਕਲਾਮ ਪੇਸ਼ ਕੀਤਾ। ਨਾ ਪੁੱਜ ਸਕੇ ਕਵੀ ਸ਼ਰਨਜੀਤ ਮਣਕੂ ਨੇ ਇਸ ਮੌਕੇ ਤੇ ਵਿਸ਼ੇਸ਼ ਰੂਪ ਵਿੱਚ ਲਿਖੀ ਕਵਿਤਾ ਸੰਤ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਲਈ ਭੇਜੀ। ਉਨ੍ਹਾਂ ਲਿਖਿਆ ਕਿ ਕਈ ਬੁੱਢੇ ਚਲੇ ਗਏ ਕਈਆਂ ਨੇ ਚਲੇ ਜਾਣਾ ਹੈ। ਬੁੱਢਾ ਨਾਲਾ ਏਥੋਂ ਸੀ ਏਥੇ ਰਹਿ ਜਾਣਾ ਹੈ। ਬੁੱਢਾ ਨਾਲਾ ਸਾਫ਼ ਕਰ ਕੇ ,ਕੁਰਲਾ ਕਰਵਾ ਕੇ ਤੁਹਾਨੂੰ ਗਊ-ਘਾਟ,ਗੁਰਦੁਆਰੇ ਲਿਜਾਣਾ ਹੈ ,ਪਹਿਲਾਂ ਵਾਂਗ ਇਸ ਚੋ ਸੁਣਿਆ ਪੈਸਾ,ਸਾਫ਼ ਨਜ਼ਰ ਆਏਗਾ। ਇਹਨੂੰ ਸਾਫ਼ ਕਰਨ ਲਈ ਮੈਂ ਵਰਲਡ -ਬੈਂਕ ਜਾਂ ਸਰਕਾਰ ਕੋਲ ਨਹੀਂ,ਤੁਹਾਡੇ ਕੋਲ ਆਣਾ ਹੈ। ਤੁਸੀਂ ਕੂੜਾ-ਕਰਕਟ ਬੁੱਢੇ -ਨਾਲੇ ਵਿੱਚ ਨਹੀਂ ਪਾਉਣਾ ਹੈ। ਕਾਰ-ਸੇਵਾ ਵਾਂਗ ਇਹ ਕਾਰਜ ਕਰਵਾਉਣਾ ਹੈ ,ਜੇ ਸੁਲਤਾਨ ਪੁਰ ਲੋਧੀ ਦੀ ਬੇਈ ਸਾਫ਼ ਹੋ ਸਕਦੀ ਹੈ ਤਾਂ ਬੁੱਢਾ ਨਾਲਾ ਕਿਉਂ ਨਹੀਂ?ਦੋਹਾਂ ਧਰਤੀਆਂ ਤੇ ਬਾਬੇ ਨਾਨਕ ਨੇ ਪੈਰ ਪਾਇਆ ਸੀ ਬਾਣੀ ਵਿੱਚ ਪਾਣੀ ਨੂੰ ਪਿਤਾ ਫੁਰਮਾਇਆ ਹੈ ਜਿਸ ਨੂੰ ਤੁਸੀਂ ਗੰਧਲਾ ਬਣਾਇਆ ਹੈ। ਚਲੋ ਪਿਤਾ -ਪਾਣੀ ਦਾ ਸਨਮਾਨ ਕਰੀਏ ਬੁੱਢੇ ਨਾਲੇ ਨੂੰ ਸਾਫ਼ ਕਰੀਏ ਸ਼ੁਧ ਪਾਣੀ ਨਾਲ ਕੁਰਲਾ ਕਰੀਏ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਲਗਪਗ ਪੰਦਰਾਂ ਸਾਲ ਪਹਿਲਾਂ ਅਸੀਂ ਸੰਤ ਬਲਬੀਰ ਸਿੰਘ ਜੀ ਨੂੰ ਇਸ ਬੁੱਢੇ ਦਰਿਆ ਦੇ ਨਾਲ ਨਾਲ ਗੁਰਦੁਆਰਾ ਗਊ ਘਾਟ ਤੋਂ ਸਲੇਮਪੁਰ ਪਿੰਡ ਤੀਕ ਚੇਤਨਾ ਮਾਰਚ ਕਰਕੇ ਜਾਣੂੰ ਕਰਵਾਇਆ ਸੀ। ਉਸ ਤੋਂ ਬਾਦ ਅਨੇਕਾਂ ਸਰਕਾਰੀ ਗ਼ੈਰ ਸਰਕਾਰੀ ਯਤਨ ਹੋਏ ਪਰ ਹੁਣ ਨਤੀਜੇ ਦਿਸਣ ਦੀ ਸੰਭਾਵਨਾ ਲੱਗਦੀ ਹੈ। ਉਨ੍ਹਾਂ ਲੁਧਿਆਣਾ ਦੇ ਉਦਯੋਗਪਤੀਆਂ ਤੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਜਲ ਸੋਮੇ ਵਿੱਚ ਜ਼ਹਿਰੀਲੀਆਂ ਧਾਤਾਂ ਵਾਲੇ ਤੱਤ ਤੇ ਰਸਾਇਣ ਤੋਂ ਇਲਾਵਾ ਸੀਵਰੇਜ ਵਾਲਾ ਮੱਲ ਮੂਤਰ ਤੇ ਡੇਅਰੀਆਂ ਦਾ ਗੋਹਾ ਕੂੜਾ ਨਾ ਪਾਉਣ। ਇਹੀ ਪਾਣੀ ਦਰਿਆ ਸਤਲੁਜ ਵਿੱਚ ਪੈ ਕੇ ਅੱਗੇ ਪੀਣ ਦੇ ਕੰਮ ਆਉਂਦਾ ਹੈ ਤੇ ਕੈਂਸਰ ਦਾ ਕਾਰਨ ਬਣਦਾ ਹੈ।

ਇਸ ਮੌਕੇ ਪ੍ਰਧਾਨਗੀ ਭਾਸ਼ਨ ਦੇਦਿਆਂ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਅਸੀਂ ਸਾਰਿਆਂ ਗੁਰ ਸੰਦੇਸ਼ ਵੱਲ ਪਿੱਠ ਕੀਤੀ ਹੋਈ ਹੈ। ਨਾ ਪੌਣ ਨੂੰ ਗੁਰੂ ਮੰਨਦੇ ਹਾਂ, ਨਾ ਪਾਣੀ ਨੂੰ ਪਿਤਾ ਤੇ ਨਾ ਧਰਤੀ ਨੂੰ ਮਾਂ। ਇਸੇ ਕਰਕੇ ਨਰਕ ਵਰਗੀ ਜੂਨ ਹੰਢਾ ਰਹੇ ਹਾਂ। ਲੋਕ ਸੁੱਤੇ ਪਏ ਨੇ, ਨੌਕਰਸ਼ਾਹੀ ਸੰਵੇਦਨਸ਼ੀਲ ਨਹੀਂ ਰਹੀ, ਇਸ ਪਲ ਲੇਖਕਾਂ ਦੀ ਜ਼ਿੰਮੇਵਾਰੀ ਵੱਡੀ ਹੈ ਕਿ ਉਹ ਲੋਕ ਚੇਤਨਾ ਲਈ ਸਾਹਿੱਤ ਰਚਣ। ਨੈਕਰਸ਼ਾਹੀ ਨੂੰ ਵੀ ਸ਼ੀਸ਼ੇ ਵਿੱਚ ਉਨ੍ਹਾਂ ਦਾ ਕਰੂਪ ਚਿਹਰਾ ਵਿਖਾਉਣ। ਉਨ੍ਹਾਂ ਇਸ ਮੌਕੇ ਹਾਜ਼ਰ ਕਵੀਆਂ, ਅਮਰੀਕਾ ਤੋਂ ਆਈ ਬੀਬੀ ਨੀਰੂ ਸਹਿਰਾਅ ਤੇ ਦੇਸ਼ ਬਦੇਸ਼ ਤੋਂ ਆਏ ਮਹਿਮਾਨਾਂ ਨੂੰ ਦਸਤਾਰਾਂ ਭੇਂਟ ਕਰਕੇ ਸਨਮਾਨਿਤ ਕੀਤਾ।

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਦੀ ਦੂਜੀ ਐਥਲੈਟਿਕ ਮੀਟ ਸਫਲਤਾਪੂਰਵਕ ਸੰਪੰਨ ਹੋਈ

ਵਰਲਡ ਪੰਜਾਬੀ ਟਾਈਮਜ਼
ਟਿਊ ਕਮਾਰ




ਕੋਟਕਪੂਰਾ, 16 ਨਵੰਬਰ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀਨੌ ਨੇ ਬਾਲ ਦਿਵਸ ਨੂੰ ਸਮਰਪਿਤ ਦੂਜਾ ਅਥਲੈਟਿਕਸ ਮੀਟ ਕਰਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਦਸਮੇਸ਼ ਪਿਤਾ ਅੱਗੇ ਨਤਮਸਕਤ ਹੋ ਕੇ ਕੀਤੀ। ਇਸ ਤੋਂ ਬਾਅਦ ਸਾਰੇ ਸਕੂਲ ਦੇ ਵਿਦਿਆਰਥੀਆਂ ਨੇ ਮਾਰਚ ਪਾਸ ਕੀਤਾ ਅਤੇ ਇਸ ਦੀ ਸਲਾਮੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਨੇ ਲਈ। ਪੰਜਵੀਂ ਜਮਾਤ ਦੀ ਵਿਦਿਆਰਥਨ ਐਸ਼ਪ੍ਰੀਤ ਕੌਰ ਨੇ ਖੇਡਾਂ ਪ੍ਰਤੀ ਸੱਚੀ ਭਾਵਨਾ ਰੱਖਦੇ ਹੋਏ ਸਹੁੰ ਚੁਕਵਾਈ। ਐਵਲੀਨ, ਸਾਹਿਲ ਧੀਰ, ਯੁਵਰਾਜ ਸਿੰਘ, ਨਵਨੀਤ ਕੌਰ ਅਤੇ ਜਗਮੀਤ ਕੌਰ ਨੇ ਬਾਲ ਦਿਵਸ ਸਬੰਧੀ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਅੰਦਾਜ਼ ਵਿੱਚ ਡਾਂਸ ਰਾਹੀਂ ਸਭ ਨੂੰ ਜੀ ਆਇਆ ਆਖਿਆ। ਸਕੂਲ ਵਿੱਚ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ। ਐਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਚੱਕ ਦੇ ਇੰਡੀਆ ਗੀਤ ਤੇ ਸ਼ਾਨਦਾਰ ਕੋਰੀਓਗ੍ਰਾਫੀ ਪੇਸ਼ ਕੀਤੀ। ਇਸ ਉਪਰੰਤ 50 ਮੀਟਰ ਦੌੜ ਵਿੱਚ ਭਾਵੇਸ਼ ਨੇ ਪਹਿਲਾ ਅਤੇ ਸਾਹਿਬਜੀਤ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਦੌੜ ਵਿੱਚ ਆਰਵਜੀਤ ਨੇ ਪਹਿਲਾ ਤੇ ਅੰਸ਼ਪ੍ਰੀਤ ਸਿੰਘ ਨੇ ਦੂਜਾ, ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਮਿਊਜ਼ੀਕਲ ਚੇਅਰ ਵਿੱਚ ਭਾਗ ਲਿਆ, ਜਿਸ ਵਿੱਚ ਹਰਸੀਰਤ ਕੌਰ ਨੇ ਪਹਿਲੇ ਤੇ ਏਕਵੰਸ਼ ਦੂਜੇ ਸਥਾਨ 'ਤੇ ਰਹੇ। ਫਿਰ ਡੱਕ ਰੇਸ ਵਿੱਚ ਹਰਕੀਰਤ ਕੌਰ ਨੇ ਪਹਿਲਾ ਤੇ ਸੁਹਾਨਾ ਨੇ ਦੂਜਾ, ਇਸ ਉਪਰੰਤ ਕਲਰ ਪਹਿਚਾਣ ਖੇਡ ਵਿੱਚ ਹਰਸੀਰਤ ਨੇ ਪਹਿਲਾ ਤੇ ਅਮਾਨਤ ਕੌਰ ਨੇ ਦੂਜਾ, ਹਰਡਲ ਰੇਸ ਵਿੱਚ ਹਰਸੀਰਤ ਕੌਰ ਨੇ ਪਹਿਲਾ ਤੇ ਆਰਵਜੀਤ ਨੇ ਦੂਜਾ, ਰੱਸਾ ਕਸ਼ੀ ਵਿੱਚ ਆਰੀਆ ਭੱਟ ਹਾਊਸ ਨੇ ਪਹਿਲਾ ਤੇ ਰਿਲੇ ਰੇਸ ਵਿੱਚ ਨਿਊਟਨ ਹਾਊਸ ਨੇ ਪਹਿਲਾ, ਓਕਟੂਪਸ ਰੇਸ ਵਿੱਚ ਵੀ ਨਿਊਟਨ ਹਾਊਸ ਨੇ ਬਾਜ਼ੀ ਮਾਰੀ। ਪੰਜ ਟੰਗੀ ਦੌੜ ਵਿੱਚ ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ। ਲੰਬੀ ਸਾਲ ਵਿੱਚ ਅਭੀਜੋਤ ਨੇ ਪਹਿਲਾ ਤੇ ਆਰਵਜੀਤ ਨੇ ਦੂਸਰਾ ਸਥਾਨ ਹਾਸਿਲ ਕੀਤਾ। ਪਿਕ ਅਪ ਦਾ ਗਲਾਸ ਵਿੱਚ ਅਭਿਨਾਸ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸਪੂਨ ਰੇਸ ਵਿੱਚ ਜਸਨੀਤ ਕੌਰ ਨੇ ਪਹਿਲਾ ਤੇ ਐਵਲੀਨ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ। ਫਰੌਗ ਰੇਸ ਵਿੱਚ ਨਵਨੀਤ ਕੌਰ ਨੇ ਪਹਿਲਾ ਤੇ ਯੁਵਰਾਜ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ। ਤਿੰਨ ਟੰਗੀ ਦੌੜ ਵਿੱਚ ਹਰਜੋਤ ਤੇ ਮਨਕੀਰਤ ਨੇ ਪਹਿਲਾ ਅਤੇ ਜਗਮੀਤ ਤੇ ਕਾਰਤਿਕ ਨੇ ਦੂਸਰਾ ਸਥਾਨ ਹਾਸਿਲ ਕੀਤਾ। ਸੈਕਰੇਸ ਵਿੱਚ ਐਵਲੀਨ ਕੌਰ ਤੇ ਮੁੰਡਿਆਂ ਵਿੱਚ ਸ਼ਿਵਜੋਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਮਦਰ ਦੀ ਗੇਮ ਵਿੱਚ ਮਨਪ੍ਰੀਤ ਕੌਰ ਨੇ ਮਿਊਜ਼ਿਕਲ ਚੇਅਰ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਬੈਲੂਨ ਬੈਲ ਸਿੰਘ ਵਿੱਚ ਮਨਦੀਪ ਕੌਰ ਤੇ ਸੁਮਨਪ੍ਰੀਤ ਕੌਰ ਜੀਤੂ ਰਹੇ। ਬੱਚਿਆਂ ਦੇ ਪਿਤਾ ਨੇ ਰੱਸਾਕਸ਼ੀ ਗੇਮ ਦਾ ਖੂਹ ਆਨੰਦ ਮਾਣਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅੱਗੇ ਦੀਆਂ ਖੇਡਾਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਮੈਨੇਜਮੈਂਟ ਵੱਲੋਂ ਵੱਖ-ਵੱਖ ਪਿੰਡਾਂ ਤੋਂ ਆਏ ਹੋਏ ਪੰਚਾਂ ਸਰਪੰਚਾਂ ਨੂੰ ਜੀ ਆਇਆ ਕਿਹਾ ਅਤੇ ਉਹਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਜੀ ਵੱਲੋਂ ਸਮੂਹ ਮਹਿਮਾਨਾਂ ਨੂੰ ਸਕੂਲ ਬਾਰੇ ਜਾਣਕਾਰੀ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ। ਵੱਖ-ਵੱਖ ਪਿੰਡਾਂ ਤੋਂ ਡਾਕਟਰ ਕੁਲਦੀਪ ਸਿੰਘ ਸਰਪੰਚ ਸੁਰਪੁਰੀ, ਦਵਿੰਦਰ ਸਿੰਘ ਸਰਪੰਚ ਮੜਾਕ, ਦਿਲਬਾਗ ਸਿੰਘ ਸਰਪੰਚ ਹਰੀਨੌ, ਰਣਧੀਰ ਸਿੰਘ ਸਰਪੰਚ ਢੈਪਈ, ਰਣਜੀਤ ਸਿੰਘ ਸਰਪੰਚ ਭੈਰੋ ਭੱਟੀ, ਡਾ. ਹਰਿੰਦਰ ਸਿੰਘ ਪੰਚ ਹਰੀਨੌ ਨੇ ਵਿਸ਼ੇਸ਼ ਰੂਪ ਵਿੱਚ ਭਾਗ ਲਿਆ ਅਤੇ ਸਮਾਗਮ ਦੀ ਸਰਾਹਨਾ ਕੀਤੀ। ਰਾਸ਼ਟਰੀ ਗਾਣ ਉਪਰੰਤ ਖੇਡ ਸਮਾਗਮ ਸੰਪੰਨ ਹੋਇਆ।

## ਪੰਜਾਬੀ ਸੱਭਿਆਚਾਰ ਦੀ ਵਿਲੱਖਣ ਪੇਸ਼ਕਾਰੀ ਕਰਦਾ ਪੀ ਏ ਯੂ ਦਾ ਯੁਵਕ ਮੇਲਾ ਬਕਾਇਦਾ ਆਰੰਭ ਹੋਇਆ

### ਯੂਨੀਵਰਸਿਟੀ ਪੰਜਾਬੀ ਸੱਭਿਆਚਾਰ ਅਤੇ ਕਲਾ ਦੀ ਸੰਭਾਲ ਲਈ ਯਤਨਸ਼ੀਲ : ਡਾ ਗੋਸਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 16 ਨਵੰਬਰ : ਪੀ ਏ ਯੂ ਦੇ ਡਾ ਅਮਰਜੀਤ ਸਿੰਘ ਖਹਿਰਾ ਓਪਨ ਏਅਰ ਥੀਏਟਰ ਵਿਚ ਯੂਨੀਵਰਸਿਟੀ ਦੇ ਸਲਾਨਾ ਯੁਵਕ ਮੇਲੇ ਦਾ ਦੂਸਰਾ ਗੇੜ ਆਰੰਭ ਹੋਇਆ। ਇਸ ਗੇੜ ਵਿਚ ਸੰਗੀਤ, ਨਾਚ, ਗਾਇਨ ਅਤੇ ਥੀਏਟਰ ਨਾਲ ਮੁਕਾਬਲੇ ਹੋਣਗੇ। ਇਸ ਦੌਰਾਨ ਯੂਨੀਵਰਸਿਟੀ ਦੇ ਵੱਖ ਵੱਖ ਕਾਲਜਾਂ ਵਲੋਂ ਪੇਸ਼ ਕੀਤੀਆਂ ਸੱਭਿਆਚਾਰਕ ਝਾਕੀਆਂ ਨੇ ਪੰਜਾਬੀ ਸੱਭਿਆਚਾਰ ਦੀ ਲੋਕ ਪੱਖੀ ਛਬੀ ਪੇਸ਼ ਕੀਤੀ। ਆਰੰਭਕ ਸਮਾਰੋਹ ਦੇ ਮੁੱਖ ਮਹਿਮਾਨ ਪੀ ਏ ਯੂ ਦੇ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਸਨ, ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਉਨ੍ਹਾਂ ਨਾਲ ਉੱਘੇ ਪੰਜਾਬੀ ਗਾਇਕ ਸ਼੍ਰੀ ਸਰਬਜੀਤ ਚੀਮਾ ਅਤੇ ਪੰਜਾਬੀ ਫ਼ਿਲਮਾਂ ਦੇ ਪ੍ਰਸਿੱਧ ਅਦਾਕਾਰ ਸ਼੍ਰੀ ਮਲਕੀਤ ਰੌਣੀ ਨੇ ਵੀ ਸ਼ਿਰਕਤ ਕੀਤੀ। ਨਾਲ ਹੀ ਵਿਸ਼ੇਸ਼ ਤੌਰ ਤੇ ਸ ਪ੍ਰਤਾਪ ਸਿੰਘ ਕੈਰੋਂ ਦੀ ਦੋਹਤਰੀ ਕੁਮਾਰੀ ਕੁਸ਼ਲ ਢਿੱਲੋਂ ਦੀ ਹਾਜ਼ਰੀ ਵੀ ਗੌਲਣਯੋਗ ਰਹੀ। ਇਸ ਮੌਕੇ ਪੀ ਏ ਯੂ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਡਾ ਅਸ਼ੋਕ ਕੁਮਾਰ ਅਤੇ ਇੰਜ ਅਮਰਜੀਤ ਸਿੰਘ ਢਿੱਲੋਂ ਖਾਸ ਤੌਰ ਤੇ ਹਾਜ਼ਰ ਸਨ।



ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਕਰਵਾਇਆ ਜਾਂਦਾ ਸਲਾਨਾ ਯੁਵਕ ਮੇਲਾ ਇਸ ਸੰਸਥਾ ਦੀ ਪਛਾਣ ਬਣ ਚੁੱਕਾ ਹੈ। ਇਸ ਮੇਲੇ ਨੇ ਕਲਾ ਅਤੇ ਸੱਭਿਆਚਾਰ ਜਗਤ ਨੂੰ ਕਈ ਮਹਾਨ ਕਲਾਕਾਰ ਦਿੱਤੇ ਹਨ। ਡਾ ਗੋਸਲ ਨੇ ਇਸ ਮੇਲੇ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਜਿੱਤ ਦਾ ਘਮੰਡ ਤੇ ਹਾਰ ਦੀ ਨਮੋਸ਼ੀ ਨੂੰ ਤਜ ਕੇ ਸੁਹਿਰਦਤਾ ਨਾਲ ਮੁਕਾਬਲੇ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਮੁਤਾਬਕ ਹਾਰ ਜਾਂ ਜਿੱਤ ਅਸਥਾਈ ਹਨ, ਭਾਗ ਲੈਣਾ ਸਦੀਵੀ ਅਹਿਸਾਸ ਹੈ। ਵਾਈਸ ਚਾਂਸਲਰ ਨੇ ਕਿਹਾ ਕਿ ਵਿਗਿਆਨ ਦੀ ਯੂਨੀਵਰਸਿਟੀ ਹੋਣ ਦੇ ਬਾਵਜੂਦ ਪੀ ਏ ਯੂ ਕਲਾ, ਸਾਹਿਤ , ਸੱਭਿਆਚਾਰ ਦੀ ਪੈਰਵੀ ਦੇ ਆਪਣੇ ਮੰਤਵ ਉੱਪਰ ਦ੍ਰਿੜ ਰਹੇਗੀ। ਉਨ੍ਹਾਂ ਭਾਗੀਦਾਰਾਂ ਨੂੰ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਸਰਬਜੀਤ ਚੀਮਾ ਨੇ ਵਿਦਿਆਰਥੀਆਂ ਨਾਲ ਅਪਣੇ ਸੁਰੀਲੇ ਅੰਦਾਜ਼ ਚ ਗੱਲ ਕਰਦਿਆਂ ਇਨ੍ਹਾਂ ਯੁਵਕ ਮੇਲਿਆਂ ਨੂੰ ਵਿਦਿਆਰਥੀਆਂ ਦੀ ਪ੍ਰਤਿਭਾ ਦੇ ਵਿਕਾਸ ਦੇ ਅਹਿਮ ਮਰਹੱਲੇ ਕਿਹਾ। ਉਨ੍ਹਾਂ ਯਾਦ ਕੀਤਾ ਕਿ ਉਹ ਆਪਣੇ ਵਿਦਿਆਰਥੀ ਜੀਵਨ ਵਿਚ ਹਾਸਿਲ ਹੋਏ ਤਜਰਬੇ ਵੀ ਸਾਂਝੇ ਕੀਤੇ।
ਸ਼੍ਰੀ ਮਲਕੀਤ ਰੌਣੀ ਨੇ ਕਿਹਾ ਕਿ ਯੁਵਕ ਮੇਲੇ ਰੂਹਦਾਰੀ ਦਾ ਮੇਲਾ ਹਨ। ਇਹ ਕਲਾਕਾਰ ਨਹੀਂ ਬਲਕਿ ਸੱਭਿਆਚਾਰ ਦੇ ਅਸਲੀ ਵਾਰਿਸ ਹਨ।

ਸਵਾਗਤ ਦੇ ਸ਼ਬਦ ਕਹਿੰਦਿਆਂ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਨਿਰਮਲ ਜੌੜਾ ਨੇ ਦੱਸਿਆ ਕਿ ਆਉਣ ਵਾਲੇ ਤਿੰਨ ਦਿਨ ਪੀ ਏ ਯੂ ਦੇ ਵਿਹੜੇ ਸੰਗੀਤ ਦੀਆਂ ਲਹਿਰੀਆਂ, ਨਾਚ ਦੀ ਥਿਰਕਣ ਅਤੇ ਨਾਟਕਾਂ ਦੇ ਸੰਵਾਦ ਗੂੰਜਦੇ ਰਹਿਣਗੇ। ਉਨ੍ਹਾਂ ਆਸ ਪ੍ਰਗਟਾਈ ਕਿ ਭਾਗੀਦਾਰਾਂ ਵਿਚੋਂ ਬਹੁਤ ਸਾਰੇ ਕਲਾਕਾਰ ਆਪਣੀ ਪ੍ਰਤਿਭਾ ਨਾਲ ਉੱਚਾ ਕਲਾ ਮੁਕਾਮ ਛੂਹਣ ਵਿਚ ਸਫਲ ਰਹਿਣਗੇ।

ਸਹਿਯੋਗੀ ਨਿਰਦੇਸ਼ਕ ਸੱਭਿਆਚਾਰ ਡਾ ਰੁਪਿੰਦਰ ਕੌਰ ਨੇ ਯੁਵਕ ਮੇਲੇ ਦੀ ਰੂਪਰੇਖਾ ਸਾਂਝੀ ਕੀਤੀ। ਉਨ੍ਹਾਂ ਦਰਸ਼ਕਾਂ ਵਜੋਂ ਸ਼ਾਮਿਲ ਵਿਦਿਆਰਥੀਆਂ ਦੇ ਅਨੁਸ਼ਾਸਨ ਬਣਾਈ ਰੱਖਣ ਦੀ ਸਲਾਹੁਤਾ